Scotland's Census
Shaping our future
A' dealbhadh ar n-àm ri teachd

# ਸਕਾਟਲੈਂਡ ਦੀ ਜਨਗਣਨਾ 2022 ਬਾਰੇ ਇੱਕ ਗਾਈਡ



**ਸਕਾਟਲੈਂਡ ਦੀ ਜਨਗਣਨਾ**

ਸਹੀ ਚੀਜ਼ਾਂ ਨੂੰ ਬਾਹਰ ਕੱਢਣਾ, ਸ਼ੁਰੂ ਹੁੰਦਾ ਹੈ ਇਸਨੂੰ ਭਰਨ ਤੋਂ।

census.gov.scot 'ਤੇ ਜਾਓ



# ਜਨਗਣਨਾ ਕੀ ਹੁੰਦੀ ਹੈ?

**ਸਕਾਟਲੈਂਡ ਦੀ ਜਨਗਣਨਾ ਦੇਸ਼ ਦੇ ਹਰ ਵਿਅਕਤੀ ਅਤੇ ਪਰਿਵਾਰ ਦੀ ਅਧਿਕਾਰਕ ਸੰਖਿਆ ਹੈ। ਆਮ ਤੌਰ 'ਤੇ, ਇਹ ਹਰ 10 ਸਾਲਾਂ ਬਾਅਦ ਹੁੰਦੀ ਹੈ। ਜਨਗਣਨਾ ਲੋਕਾਂ ਦੀ ਉਮਰ, ਲਿੰਗ, ਘਰ ਅਤੇ ਰਹਿਣ-ਸਹਿਣ ਦੀ ਸਥਿਤੀ, ਰੁਜ਼ਗਾਰ, ਸਿੱਖਿਆ ਅਤੇ ਯੋਗਤਾਵਾਂ ਦੇ ਨਾਲ-ਨਾਲ ਜਾਤੀਅਤਾ ਬਾਰੇ ਸਵਾਲ ਪੁੱਛਦੀ ਹੈ।**

ਜਨਗਣਨਾ ਨੂੰ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ ਕਿਉਂਕਿ ਇਸਦੇ ਜਵਾਬ Scottish Government, ਅਤੇ ਕਈ ਹੋਰ ਸੇਵਾ ਪ੍ਰਦਾਤਾਵਾਂ ਨੂੰ ਉਹ ਡੇਟਾ ਮੁਹੱਈਆ ਕਰਾਉਂਦੇ ਹਨ ਜਿਸਦੀ ਲੋੜ ਉਹਨਾਂ ਨੂੰ ਅਜਿਹੇ ਅਹਿਮ ਫ਼ੈਸਲੇ ਲੈਣ ਲਈ ਲੋੜ ਹੁੰਦੀ ਹੈ ਜੋ ਲੋਕਾਂ ਦੇ ਜੀਵਨ ਅਤੇ ਉਹਨਾਂ ਦੀਆਂ ਕਮਿਉਨਿਟੀਆਂ 'ਤੇ ਅਸਰ ਪਾਉਂਦੇ ਹਨ।

ਇਹਨਾਂ ਫ਼ੈਸਲਿਆਂ ਵਿੱਚ ਇਹ ਸ਼ਾਮਲ ਹੁੰਦੇ ਹਨ ਕਿ ਸਾਡੀਆਂ ਕਮਿਉਨਿਟੀਆਂ ਵਿੱਚ ਸਿੱਖਿਆ, ਹਾਉਸਿੰਗ, ਸਿਹਤ-ਸੰਭਾਲ, ਸੜਕਾਂ ਅਤੇ ਰੇਲਵੇ ਵਰਗੀਆਂ ਮਹੱਤਵਪੂਰਨ ਸੇਵਾਵਾਂ 'ਤੇ ਪੈਸਾ ਕਿਵੇਂ ਖਰਚਿਆ ਜਾਵੇਗਾ, ਅਤੇ ਹੋਰ ਬਹੁਤ ਕੁਝ।

## ਜਨਗਣਨਾ ਦਿਵਸ ਕਦੋਂ ਹੈ?

ਜਨਗਣਨਾ ਦਿਵਸ ਐਤਵਾਰ 20 ਮਾਰਚ ਨੂੰ ਹੈ, ਪਰ ਜਿਉਂ ਹੀ ਤੁਹਾਨੂੰ ਆਪਣੀ ਚਿੱਠੀ ਮਿਲੇਗੀ ਤੁਸੀਂ ਆਪਣੀ ਜਨਗਣਨਾ ਨੂੰ ਆਨਲਾਈਨ ਪੂਰਾ ਕਰ ਸਕੋਗੇ। ਹਾਲਾਂਕਿ ਜਵਾਬ 20 ਮਾਰਚ ਐਤਵਾਰ ਨੂੰ ਤੁਹਾਡੇ ਪਰਿਵਾਰ ਨੂੰ ਦਰਸਾਉਣੇ ਚਾਹੀਦੇ ਹਨ।

## ਮੈਂ ਜਨਗਣਨਾ ਕਿਵੇਂ ਭਰਾਂ?

ਤੁਸੀਂ ਆਪਣੀ ਜਨਗਣਨਾ ਨੂੰ ਔਨਲਾਈਨ ਭਰ ਸਕਦੇ ਹੋ ਜਾਂ ਕਾਗਜ਼ੀ ਕਾਪੀ ਲਈ ਬੇਨਤੀ ਕਰਕੇ ਭਰ ਸਕਦੇ ਹੋ। ਫ਼ਰਵਰੀ 2022 ਦੇ ਅਖੀਰ ਤੋਂ, ਪਰਿਵਾਰਾਂ ਨੂੰ ਇਸ ਬਾਰੇ ਹਦਾਇਤਾਂ ਵਾਲੀ ਚਿੱਠੀ ਮਿਲਣੀ ਸ਼ੁਰੂ ਹੋ ਜਾਵੇਗੀ ਕਿ ਆਪਣੀ ਜਨਗਣਨਾ ਨੂੰ ਆਨਲਾਈਨ ਕਿਵੇਂ ਭਰਨਾ ਹੈ।

ਜਨਗਣਨਾ ਭਰਨ ਵਾਲੀ ਵੈੱਬਸਾਈਟ 28 ਫ਼ਰਵਰੀ ਤੋਂ ਲਾਈਵ ਹੋਵੇਗੀ।

1. **www.census.gov.scot** 'ਤੇ ਜਾਓ
2. **START** 'ਤੇ ਕਲਿੱਕ ਕਰੋ
3. ਤੁਹਾਨੂੰ ਮਿਲੀ ਚਿੱਠੀ ਤੋਂ ਵਿਲੱਖਣ ਇੰਟਰਨੈੱਟ ਐਕਸੈੱਸ ਕੋਡ ਦਰਜ ਕਰੋ
4. ਸਕ੍ਰੀਨ ਉੱਤੇ ਦਿੱਤੀਆਂ ਹਦਾਇਤਾਂ ਦਾ ਪਾਲਣ ਕਰੋ

ਜੇ ਤੁਹਾਨੂੰ ਕਾਗਜ਼ੀ ਕਾਪੀ ਲਈ ਬੇਨਤੀ ਕਰਨ ਦੀ ਲੋੜ ਹੈ, ਜਾਂ ਜੇ ਤੁਹਾਨੂੰ ਨਵਾਂ ਇੰਟਰਨੈੱਟ ਐਕਸੈੱਸ ਕੋਡ ਚਾਹੀਦਾ ਹੈ, ਤਾਂ **census.gov.scot** 'ਤੇ ਜਾਓ ਜਾਂ ਹੈਲਪਲਾਈਨ **0800 030 8308** 'ਤੇ ਫ਼ੋਨ ਕਰੋ।

# ਕੀ ਮੈਨੂੰ ਇਸਨੂੰ ਪੂਰਾ ਕਰਨਾ ਪਵੇਗਾ?

ਜੀ ਹਾਂ। ਜਨਗਣਨਾ ਪ੍ਰਸ਼ਨਾਵਲੀ ਨੂੰ ਪੂਰਾ ਕਰਨਾ, ਸਕਾਟਲੈਂਡ ਵਿੱਚ ਹਰ ਘਰ ਦੀ ਕਨੂੰਨੀ ਜ਼ਿੰਮੇਵਾਰੀ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਣ ਹੈ ਕਿ ਜਨਗਣਨਾ ਪੂਰੇ ਦੇਸ਼ ਦੇ ਬਾਰੇ ਵਿਸਤਾਰ ਨਾਲ ਅਤੇ ਸਹੀ ਜਾਣਕਾਰੀ ਪ੍ਰਦਾਨ ਕਰੇ।

ਉਹ ਵਿਅਕਤੀ ਜੋ ਕਿਸੇ ਪ੍ਰਾਪਰਟੀ ਵਿੱਚ ਜਾਂ ਤਾਂ ਰਹਿੰਦਾ ਹੈ, ਉਸਦਾ ਮਾਲਕ ਹੈ, ਉਸਨੂੰ ਕਿਰਾਏ 'ਤੇ ਦਿੰਦਾ ਹੈ ਅਤੇ ਜਾਂ ਘਰ ਦੇ ਬਿੱਲਾਂ ਦਾ ਭੁਗਤਾਨ ਕਰਦਾ ਹੈ, ਉਹ ਜਨਗਣਨਾ ਨੂੰ ਪੂਰਾ ਕਰਨ ਲਈ ਜ਼ਿੰਮੇਵਾਰ ਹੈ। ਜੇ ਤੁਸੀਂ ਕਿਸੇ ਕੇਅਰ ਹੋਮ, ਵਿਦਿਆਰਥੀ ਰਿਹਾਇਸ਼ (halls of residence) ਜਾਂ ਹੋਸਟਲ ਵਿੱਚ ਰਹਿੰਦੇ ਹੋ, ਅਤੇ ਤੁਹਾਡੀ ਉਮਰ 16 ਸਾਲ ਤੋਂ ਵੱਧ ਹੈ, ਤਾਂ ਤੁਹਾਨੂੰ ਵਿਅਕਤੀਗਤ ਜਨਗਣਨਾ ਪੂਰੀ ਕਰਨ ਦੇ ਨਾਲ-ਨਾਲ ਭਾਈਚਾਰਕ ਸੰਸਥਾ ਸਬੰਧੀ ਪ੍ਰਸ਼ਨਾਵਲੀ (communal establishment) ਵਿੱਚ ਵੀ ਹਿੱਸਾ ਲੈਣ ਦੀ ਲੋੜ ਹੋਵੇਗੀ।

# ਜੇ ਮੈਨੂੰ ਪ੍ਰਸ਼ਨ ਸਮਝ ਨਾ ਆਉਣ ਤਾਂ?

28 ਫ਼ਰਵਰੀ ਨੂੰ ਭਰਨ ਸਬੰਧੀ ਵੈੱਬਸਾਈਟ (census.gov.scot) ਲਾਈਵ ਹੋ ਜਾਣ ਮਗਰੋਂ ਤੁਸੀਂ ਇਸਨੂੰ ਦੇਖ ਸਕੋਗੇ ਅਤੇ ਹੇਠਾਂ ਦਿੱਤੀਆਂ ਭਾਸ਼ਾਵਾਂ ਵਿੱਚ ਇਸ ਬਾਰੇ ਵਿਸਤਾਰਪੂਰਵਕ ਮਾਰਗਦਰਸ਼ਨ ਲੱਭ ਸਕੋਗੇ ਕਿ ਹਰ ਪ੍ਰਸ਼ਨ ਦਾ ਜਵਾਬ ਕਿਵੇਂ ਦੇਣਾ ਹੈ। **0800 030 8308** 'ਤੇ ਸਾਡੀ ਹੈਲਪਲਾਈਨ ਰਾਹੀਂ ਵੀ ਭਾਸ਼ਾ ਸਬੰਧੀ ਸਹਾਇਤਾ ਉਪਲਬਧ ਹੈ।

| | | | |
|---|---|---|---|
| **ਅਰਬੀ** | **ਗੇਲਿਕ** | **ਮੈਂਡਰਿਨ** | **ਰੂਸੀ** |
| **ਕੈਂਟੋਨੀਜ਼** | **ਹਿੰਦੀ** | **ਪੋਲਿਸ਼** | **ਸਲੋਵਾਕ** |
| **ਚੈੱਕ** | **ਕੁਰਦਿਸ਼** | **ਪੰਜਾਬੀ** | **ਤੁਰਕੀ** |
| **ਫ਼ਾਰਸੀ** | **ਲਿਥੁਆਨੀਅਨ** | **ਰੋਮਾਨੀਅਨ** | **ਉਰਦੂ** |



# ਜੇ ਮੈਨੂੰ ਕੋਈ ਅਯੋਗਤਾ ਹੋਵੇ ਤਾਂ?

ਅਸੀਂ ਇਹ ਯਕੀਨੀ ਬਣਾਉਣ ਲਈ ਬਹੁਤ ਸਾਰੇ ਅਯੋਗਤਾ ਸਮੂਹਾਂ ਨਾਲ ਕੰਮ ਕੀਤਾ ਹੈ ਕਿ ਜਨਗਣਨਾ ਵੱਧ ਤੋਂ ਵੱਧ ਪਹੁੰਚਯੋਗ ਹੋਵੇ। ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ ਜਾਂ ਕਿਸੇ ਵੱਖਰੇ ਫ਼ਾਰਮੈਟ ਵਿੱਚ ਪ੍ਰਸ਼ਨਾਵਲੀ ਦੀ ਕਾਪੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਸੰਪਰਕ ਕੇਂਦਰ ਨਾਲ ਸੰਪਰਕ ਕਰੋ ਜਾਂ census.gov.scot 'ਤੇ ਜਾਓ। ਤੁਸੀਂ ਆਪਣੀ ਜਨਗਣਨਾ ਨੂੰ ਭਰਨ ਲਈ ਕਿਸੇ ਦੇਖਭਾਲਕਰਤਾ, ਦੋਸਤ ਜਾਂ ਰਿਸ਼ਤੇਦਾਰ ਨੂੰ ਵੀ ਕਹਿ ਸਕਦੇ ਹੋ।

ਜੇ ਤੁਹਾਨੂੰ ਸੁਣਨ ਜਾਂ ਬੋਲਣ ਸਬੰਧੀ ਮੁਸ਼ਕਲਾਂ ਹਨ, ਤਾਂ ਕਿਰਪਾ ਕਰਕੇ **18001 0800 030 8308** 'ਤੇ ਟੈਕਸਟ ਰਿਲੇਅ ਸੇਵਾ ਦੀ ਵਰਤੋਂ ਕਰੋ।

# ਕੀ ਮੇਰੀ ਜਨਗਣਨਾ ਜਾਣਕਾਰੀ ਸੁਰੱਖਿਅਤ ਹੈ?

ਜੀ ਹਾਂ। ਸਾਡੇ ਦੁਆਰਾ ਕੋਈ ਵੀ ਜਨਗਣਨਾ ਸਬੰਧੀ ਅੰਕੜਿਆਂ ਨੂੰ ਪ੍ਰਕਾਸ਼ਤ ਕੀਤੇ ਜਾਣ ਤੋਂ ਪਹਿਲਾਂ ਅਸੀਂ ਸਾਰੀ ਨਿੱਜੀ ਜਾਣਕਾਰੀ ਨੂੰ ਹਟਾ ਦਿੰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਅਕਤੀਆਂ ਨੂੰ ਉਹਨਾਂ ਦੇ ਜਵਾਬਾਂ ਜ਼ਰੀਏ ਨਾ ਪਛਾਣਿਆ ਜਾ ਸਕੇ। ਜਨਗਣਨਾ ਦੇ ਅੰਕੜੇ 100 ਸਾਲਾਂ ਤਕ ਪ੍ਰਕਾਸ਼ਤ ਕੀਤੇ ਬਗੈਰ ਰਹਿੰਦੇ ਹਨ ਅਤੇ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਸ ਤਕ ਪਹੁੰਚ ਰੱਖਣ ਵਾਲਿਆਂ ਦੀ ਗਿਣਤੀ ਘੱਟ ਤੋਂ ਘੱਟ ਹੋਵੇ।

# ਜੇ ਮੈਨੂੰ ਅਜੇ ਵੀ ਮਦਦ ਦੀ ਲੋੜ ਹੋਵੇ ਤਾਂ?

ਸਾਡਾ ਸੰਪਰਕ ਕੇਂਦਰ 28 ਫਰਵਰੀ ਤੋਂ ਖੁੱਲ੍ਹਾ ਰਹੇਗਾ ਅਤੇ ਕਿਸੇ ਵੀ ਲੈਂਡਲਾਈਨ ਜਾਂ ਮੋਬਾਈਲ ਫ਼ੋਨ ਤੋਂ **0800 030 8308** 'ਤੇ ਮੁਫ਼ਤ ਵਿੱਚ ਕਾਲ ਕੀਤੀ ਜਾ ਸਕੇਗੀ। ਤੁਸੀਂ ਵੈੱਬਚੈਟ ਰਾਹੀਂ census.gov.scot 'ਤੇ ਵੀ ਸੰਪਰਕ ਕਰ ਸਕਦੇ ਹੋ।

## ਸਕਾਟਲੈਂਡ ਦੀ ਜਨਗਣਨਾ

## ਸਹੀ ਚੀਜ਼ਾਂ ਨੂੰ ਬਾਹਰ ਕੱਢਣਾ, ਸ਼ੁਰੂ ਹੁੰਦਾ ਹੈ ਇਸਨੂੰ ਭਰਨ ਤੋਂ।

**census.gov.scot ‘ਤੇ ਜਾਓ**